ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   06 ਨਵੰਬਰ 2026 ਦਿਨ ਸ਼ੁੱਕਰਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਮਾਊਂਟ ਲਿਟਰਾ ਜ਼ੀ ਸਕੂਲ ਨੇ ਗ੍ਰੀਨ 'ਦੀਵਾਲੀ' ਮਨਾਉਣ ਦਾ ਦਿੱਤਾ ਸੁਨੇਹਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 6 ਨਵੰਬਰ : ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਮਾਊਂਟ ਲਿਟਰਾ ਜੀ ਸਕੂਲ ਫਰੀਦਕੋਟ ਦੇ ਚੇਅਰਮੈਨ ਇੰਜਨੀਅਰ ਚਮਨ ਲਾਲ ਗੁਲਾਟੀ, ਮੈਨੇਜਿੰਗ ਡਾਇਰੈਕਟਰ ਪੰਕਜ ਗੁਲਾਟੀ ਅਤੇ ਪ੍ਰਿੰਸੀਪਲ/ ਡਾਇਰੈਕਟਰ ਡਾ. ਧਵਨ ਕੁਮਾਰ ਨੇ ਵਿਦਿਆਰਥੀਆਂ ਨੂੰ ਗ੍ਰੀਨ 'ਦੀਵਾਲੀ' ਮਨਾਉਣ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਵਿਦਿਆਰਥੀ 'ਦੀਵਾਲੀ' ਮੌਕੇ ਪਟਾਕੇ ਨਾ ਚਲਾਉਣ ਅਤੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਗ੍ਰੀਨ 'ਦੀਵਾਲੀ' ਮਨਾਉਣ, ਕਿਉਂਕਿ ਪਟਾਕਿਆਂ ਨਾਲ ਪ੍ਰਦੂਸ਼ਣ ਫ਼ੈਲਦਾ ਹੈ, ਜਿਸ ਨਾਲ ਵਾਤਾਵਰਨ ਗੰਧਲਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ 'ਦੀਵਾਲੀ' ਇੱਕ ਪਵਿੱਤਰ ਤਿਉਹਾਰ ਹੈ ਅਤੇ ਇਹ ਤਿਉਹਾਰ ਸਭ ਨੂੰ ਰਲ ਮਿਲਕੇ ਕੇ ਖੁਸ਼ੀਆਂ ਦੇ ਨਾਲ ਮਨਾਉਣਾ ਚਾਹੀਦਾ ਹੈ। 'ਦੀਵਾਲੀ' ਦੀ ਮਹੱਤਤਾ ਬਾਰੇ ਦੱਸਦੇ ਹੋਏ ਚੇਅਰਮੈਨ ਗੁਲਾਟੀ ਨੇ ਕਿਹਾ ਕਿ 'ਦੀਵਾਲੀ' ਮੌਕੇ ਭਗਵਾਨ ਸ੍ਰੀ ਰਾਮ ਚੰਦਰ ਜੀ 14 ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਸਨ, ਜਿੰਨਾਂ ਦੇ ਵਾਪਸ ਪਰਤਣ ਦੀ ਖੁਸ਼ੀ ਵਿਚ ਉੱਥੋਂ ਦੇ ਲੋਕਾਂ ਨੇ ਦੇਸੀ ਘਿਓ ਦੇ ਦੀਵੇ ਬਾਲੇ ਸਨ। ਇਹ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ। ਉਹਨਾਂ ਅੱਗੇ ਦੱਸਿਆ ਕਿ ਸਿੱਖ ਧਰਮ ਵਿਚ ਵੀ ਇਸ ਤਿਉਹਾਰ ਦਾ ਖਾਸ ਮਹੱਤਵ ਹੈ, ਕਿਉਂਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 52 ਹਿੰਦੂ ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖ਼ੇ ਪਹੁੰਚੇ ਸਨ ਅਤੇ ਇਸ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ।

ਐਸ.ਡੀ.ਐਮ. ਪਟਿਆਲਾ ਵੱਲੋਂ ਸਰਪੰਚਾਂ ਅਤੇ ਨੰਬਰਦਾਰਾਂ ਨਾਲ ਪਰਾਲੀ ਪ੍ਰਬੰਧਨ ਸਬੰਧੀ ਕੀਤੀ ਗਈ ਮੀਟਿੰਗ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 6 ਨਵੰਬਰ : ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ—ਨਿਰਦੇਸ਼ਾਂ ਅਨੁਸਾਰ ਐਸ.ਡੀ.ਐਮ. ਪਟਿਆਲਾ ਗੁਰਦੇਵ ਸਿੰਘ ਧੰਮ ਵੱਲੋਂ ਜਿਲ੍ਹਾ ਪਟਿਆਲਾ ਦੇ ਸਰਪੰਚਾਂ ਅਤੇ ਨੰਬਰਦਾਰਾਂ ਨਾਲ ਪਰਾਲੀ ਪ੍ਰਬੰਧਨ ਸਬੰਧੀ ਮੀਟਿੰਗ ਕੀਤੀ ਗਈ। ਉਹਨਾਂ ਨੇ ਮੀਟਿੰਗ ਵਿਚ ਹਾਜਰ ਸਰਪੰਚਾਂ ਅਤੇ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਆਪਣੇ ਪਿੰਡਾਂ ਵਿਚ ਕਿਸਾਨਾਂ ਨੂੰ ਪਰਾਲੀ ਦੀਆਂ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਘੱਟ ਕਰਨ ਜਾਗਰੂਕ ਕਰਨ ਅਤੇ ਉਹਨਾਂ ਕਿਹਾ ਕਿ ਜਿਹਨਾਂ ਕਿਸਾਨਾਂ ਵੱਲੋਂ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਈ ਜਾ ਰਹੀ ਹੈ ਉਹਨਾਂ ਕਿਸਾਨਾਂ ਵਿਰੁੱਧ ਰੈੱਡ ਐਂਟਰੀ, ਐਫ.ਆਈ.ਆਰ., ਬਣਦਾ ਜੁਰਮਾਨਾ ਕੀਤਾ ਜਾਵੇਗਾ। ਇਸ ਸਬੰਧੀ ਉਹਨਾਂ ਨੇ ਦਸਿਆ ਕਿ ਕਿਸਾਨ ਸੁਪਰ ਐਸ.ਐਮ.ਐਸ ਨਾਲ ਲੱਗੀ ਕੰਬਾਇਨ ਨਾਲ ਝੋਨੇ ਦੀ ਵਾਢੀ ਕਰਨ ਅਤੇ ਪਰਾਲੀ ਨੂੰ ਖੇਤਾਂ ਵਿਚ ਮਿਲਾਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ। ਐਸ.ਡੀ.ਐਮ. ਪਟਿਆਲਾ ਨੇ ਦਸਿਆ ਕਿ ਹਰੇਕ ਪਿੰਡ ਲਈ ਨੋਡਲ ਅਫਸਰਾਂ ਲਈ ਕਲੱਸਟਰ ਅਫਸਰ ਨਿਯੁਕਤ ਕੀਤੇ ਗਏ ਹਨ ਜ਼ੋ ਪਿੰਡਾਂ ਵਿਚ ਲਗਾਤਾਰ ਖੇਤਾਂ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਨਿਗਰਾਨੀ ਕਰ ਰਹੇ ਹਨ। ਉਹਨਾਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿਚ ਵਾਹੁਣ ਅਤੇ ਗੰਢਾਂ ਬਣਾਕੇ ਉਦਯੋਗਿਕ ਇਕਾਇਆਂ ਨੂੰ ਦੇਣ ਲਈ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਉਪਰ ਦਿੱਤੀ ਗਈ ਸੀ.ਆਰ.ਐਮ. ਮਸ਼ੀਨਰੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਦਸਿਆ ਕਿ ਕਿਸਾਨ ਖੇਤੀਬਾੜੀ ਅਤੇ ਸਹਿਕਾਰੀ ਸਭਾਵਾਂ ਨਾਲ ਸੰਪਰਕ ਕਰਕੇ ਮਸ਼ੀਨਾਂ ਦੀ ਮੰਗ ਕਰ ਸਕਦੇ ਹਨ ਤਾਂ ਜ਼ੋ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਘੱਟ ਕਰਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

ਆਈ.ਟੀ.ਆਈ. ਕੱਚੇ ਇੰਸਟਰਕਟਰਾਂ ਦਾ ਐਲਾਨ, ਮੰਗਾਂ ਨਾ ਮੰਨੇ ਜਾਣ ਕਾਰਨ ਇਸ ਵਾਰ ਮਨਾਉਣਗੇ 'ਕਾਲੀ ਦਿਵਾਲੀ'

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ





ਫਰੀਦਕੋਟ/ ਕੋਟਕਪੂ ਰਾ, 6 ਨਵੰਬਰ : ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵੱਲ ਕੋਈ ਧਿਆਨ ਨਾ ਦੇਣ ਦੇ ਰੋਸ ਵਜੋਂ, ਡੀ.ਐਸ.ਟੀ./ ਸੀ.ਟੀ.ਐਸ. ਕੰਟਰੈਕਟ ਇੰਸਟਰਕਟਰ ਯੂਨੀਅਨ ਪੰਜਾਬ ਨਾਲ ਸਬੰਧਤ ਆਈ.ਟੀ.ਆਈ. ਦੇ ਕੱਚੇ ਇੰਸਟਰਕਟਰਾਂ ਨੇ ਇਸ ਵਾਰ ਦੀਵਾਲੀ ਦਾ ਤਿਉਹਾਰ 'ਕਾਲੀ ਦਿਵਾਲੀ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਯੂਨੀਅਨ ਦੇ ਆਗੂਆਂ ਪ੍ਰਧਾਨ ਕਿਰਨਦੀਪ ਸਿੰਘ ਰੁਪਾਣਾ, ਵਾਇਸ ਪ੍ਰਧਾਨ ਸਿਮਰਨਜੀਤ ਸਿੰਘ, ਸੈਕਟਰੀ ਪ੍ਰਦੀਪ ਸਿੰਘ ਜਨਰਲ ਸੈਕਟਰੀ ਸਵਰਨ ਸਿੰਘ ਅਤੇ ਪ੍ਰੈਸ ਇੰਚਾਰਜ ਹਰਪ੍ਰੀਤ ਸਿੰਘ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੂਬੇ ਦੇ ਸਰਕਾਰੀ ਆਈ.ਟੀ.ਆਈਜ਼ ਵਿੱਚ ਸੇਵਾਵਾਂ ਨਿਭਾ ਰਹੇ ਇਹ ਇੰਸਟਰਕਟਰ ਪਿਛਲੇ ਲੰਮੇ ਸਮੇਂ ਤੋਂ ਆਰਥਿਕ ਅਤੇ ਮਾਨਸਿਕ ਤਾਣੇ-ਬਾਣੇ ਹੇਠ ਕੰਮ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਸੁਰੱਖਿਤ ਕਰਨ ਸੰਬੰਧੀ ਕੋਈ ਠੋਸ ਨੀਤੀ ਲਾਗੂ ਨਹੀਂ ਕੀਤੀ ਗਈ, ਜਿਸ ਕਾਰਨ ਸਮੂਹ ਮੁਲਾਜ਼ਮਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਆਖਿਆ ਕਿ ਡੀ.ਐਸ.ਟੀ.ਅਤੇ ਸੀ.ਟੀ.ਐਸ. ਸਕੀਮ ਤਹਿਤ ਕੰਮ ਕਰ ਰਹੇ ਸਮੂਹ ਇੰਸਟਰਕਟਰਾਂ ਨੂੰ ਬਿਨਾਂ ਸ਼ਰਤ ਵਿਭਾਗ ਅਧੀਨ ਲੈ ਕੇ ਸੇਵਾ ਸੁਰੱਖਿਆ ਦਿੱਤੀ ਜਾਵੇ, ਕੱਚੇ ਮੁਲਾਜ਼ਮਾਂ ਦਾ ਸ਼ੋਸ਼ਣ ਬੰਦ ਕਰਕੇ ਉਨ੍ਹਾਂ ਨੂੰ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਦਿੱਤੀ ਜਾਵੇ। ਯੂਨੀਅਨ ਦੇ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਜਲਦੀ ਹੀ ਉਨ੍ਹਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਕੋਈ ਹੱਲ ਨਾ ਕੱਢਿਆ, ਤਾਂ ਸੂਬਾ ਭਰ ਦੇ ਇੰਸਟਰਕਟਰ ਆਪਣੇ ਪਰਿਵਾਰਾਂ ਸਮੇਤ ਸਰਕਾਰ ਵਿਰੁੱਧ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨਗੇ। ਇਸ ਨਾਲ ਪੈਦਾ ਹੋਣ ਵਾਲੇ ਹਲਾਤਾਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸਬੰਧਤ ਵਿਭਾਗ ਦੀ ਹੋਵੇਗੀ। ਇਸ ਸਮੇਂ ਗੁਰਜੀਤ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਸੰਦੀਪ ਸਿੰਘ ਅਤੇ ਮਨਜਿੰਦਰ ਸਿੰਘ ਆਦਿ ਵੀ ਹਾਜਰ ਸਨ।

ਐੱਸ.ਡੀ.ਐੱਮ. ਸਮਾਣਾ ਰਿਚਾ ਗੋਇਲ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਪ੍ਰੇਮਗੜ੍ਹ ਤੇ ਸ਼ਾਹਪੁਰ ਪਿੰਡਾਂ ਦਾ ਦੌਰਾ

ਕਿਸਾਨਾਂ ਅਤੇ ਪਿੰਡ ਪੱਧਰੀ ਨੁਮਾਇੰਦਿਆਂ ਨੂੰ ਪਰਾਲੀ ਪ੍ਰਬੰਧਨ ਲਈ ਸਹਿਯੋਗ ਦੇਣ ਦੀ ਕੀਤੀ ਅਪੀਲ- ਰਿਚਾ ਗੋਇਲ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 6 ਨਵੰਬਰ : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪਟਿਆਲਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪ੍ਰਸ਼ਾਸਨ ਵੱਲੋਂ ਲਗਾਤਾਰ ਜ਼ਮੀਨੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਐੱਸ.ਡੀ.ਐੱਮ. ਸਮਾਣਾ ਰਿਚਾ ਗੋਇਲ ਨੇ ਡੀ.ਐੱਸ.ਪੀ. ਫਤਿਹ ਸਿੰਘ ਬਰਾੜ ਸਮੇਤ ਪ੍ਰੇਮਗੜ੍ਹ ਅਤੇ ਸ਼ਾਹਪੁਰ ਪਿੰਡਾਂ ਦਾ ਦੌਰਾ ਕਰਕੇ ਪਰਾਲੀ ਪ੍ਰਬੰਧਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਪਿੰਡਾਂ ਦੇ ਨੰਬਰਦਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪਿੰਡ ਪੱਧਰ 'ਤੇ ਸਾਂਝੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।



ਉਨ੍ਹਾਂ ਕਿਹਾ ਕਿ ਨੰਬਰਦਾਰ ਆਪਣੇ ਪਿੰਡਾਂ ਦੇ ਕਿਸਾਨਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਅਤੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਆਧੁਨਿਕ ਖੇਤੀ ਮਸ਼ੀਨਰੀ ਤੇ ਹੋਰ ਉਪਲਬਧ ਤਰੀਕਿਆਂ ਰਾਹੀਂ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕਰਨ। ਉਨ੍ਹਾਂ ਬਿਨਾਂ ਅੱਗ ਲਗਾਏ ਪਰਾਲੀ ਦਾ ਪ੍ਰਬੰਧਨ ਕਰ ਰਹੇ ਕਿਸਾਨਾਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਕਿਸਾਨ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹਨ।

ਐੱਸ.ਡੀ.ਐੱਮ. ਨੇ ਪਿੰਡਾਂ ਵਿੱਚ ਪਰਾਲੀ ਪ੍ਰਬੰਧਨ ਸਬੰਧੀ ਚੱਲ ਰਹੀਆਂ ਗਤੀਵਿਧੀਆਂ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਬਾਰੇ ਅਧਿਕਾਰੀਆਂ ਤੋਂ ਜਾਣਕਾਰੀ ਵੀ ਲਈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਤੱਕ ਪਰਾਲੀ ਪ੍ਰਬੰਧਨ ਦੇ ਵਿਗਿਆਨਕ ਅਤੇ ਵਾਤਾਵਰਨ ਪੱਖੀ ਤਰੀਕਿਆਂ ਦੀ ਜਾਣਕਾਰੀ ਪਹੁੰਚਾਉਣ ਲਈ ਜਾਗਰੂਕਤਾ ਗਤੀਵਿਧੀਆਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ।

ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਵਾਤਾਵਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ ਸੁਰੱਖਿਅਤ ਰੱਖਣ ਲਈ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਕਿਸਾਨਾਂ, ਪਿੰਡਾਂ ਦੇ ਨੁਮਾਇੰਦਿਆਂ ਅਤੇ ਪ੍ਰਸ਼ਾਸਨ ਵਿਚਕਾਰ ਆਪਸੀ ਤਾਲਮੇਲ ਅਤੇ ਸਹਿਯੋਗ ਬੇਹੱਦ ਮਹੱਤਵਪੂਰਨ ਹੈ।

ਚੀਸ ਪ੍ਰਾਹੁਣੀ

ਸ਼ਾਮਾਂ ਵੇਲੇ ਚੀਸ ਪ੍ਰਾਹੁਣੀ,
ਮੇਰੇ ਮਨ ਦਾ ਦਰ ਖੜਕਾਵੇ।
ਜਾਗੀ ਪੀੜ ਇਕੱਲੀ ਜਿੰਦੜੀ।
ਦਿਲ ਵੀ ਜੀਕਣ ਬੁਝਿਆ ਬੁਝਿਆ,
ਕਿਸੇ ਮਜ਼ਾਰ 'ਤੇ ਮੂਧਾ
ਜਿਵੇਂ ਤਰੇੜਿਆ ਦੀਵਾ।

ਦੂਰ ਕਿਤੇ ਸਾਗਰ ਦੇ ਸਿਰ 'ਤੇ
ਬੱਦਲ ਚੜ੍ਹਿਆ।
ਕਾਲੀ ਘਟ ਨੇ ਨ੍ਹੇਰ ਮਚਾਇਆ,
ਮੇਰੇ ਪਿੰਡ ਦੇ ਸਿਰ 'ਤੇ ਪਰ
ਔੜਾਂ ਦਾ ਸਾਇਆ।
ਹਰ ਜੀਅ ਜੀਕਣ ਹਾਉਕਾ ਤੁਰਦਾ।
ਧੂੰਏ ਵਿਚ ਰਾਹ ਦਿਸੇ ਨਾ ਕੋਈ,
ਸ਼ਾਮਾਂ ਵੇਲੇ
ਇਹ ਕੈਸੀ ਅਨਹੋਣੀ ਹੋਈ।

ਮੇਰੇ ਸਨਮੁਖ ਟੁੱਟਿਆ ਸ਼ੀਸ਼ਾ।
ਕੰਕਰ ਕੰਕਰ ਅਕਸ ਖਿੱਲਰਿਆ।
ਇਸ ਤੋਂ ਆਪਣੇ ਬਾਰੇ
ਹੁਣ ਮੈਂ ਕੀਹ ਜਾਣਾਂਗਾ?
ਇਹ ਤਾਂ ਆਪ ਗੁਆਚੀ ਕਾਇਆ।
ਤਿੜਕਿਆ ਅਕਸ
ਨਿਹਾਰ ਰਿਹਾ ਹਾਂ।

ਹੁਣ ਮੈਂ ਕਿਹੜੇ ਮੋਢੇ
ਆਪਣਾ ਸੀਸ ਟਿਕਾਵਾਂ?
ਰੋਂਦਾ ਰੋਂਦਾ ਥੱਕ ਜਾਵਾਂ,
ਹੌਲਾ ਹੋ ਜਾਵਾਂ।
ਅੱਖਾਂ ਵਿਚ ਦਰਿਆ ਤੇ ਨਦੀਆਂ।
ਦਿਲ ਵਿਚ ਉੱਛਲੇ ਤਲਖ਼ ਸਮੁੰਦਰ।
ਮੈਥੋਂ ਆਪਣਾ ਰਾਹ ਪੁੱਛਦਾ ਹੈ,
ਕਿੱਧਰ ਜਾਵਾਂ?

ਮੇਰੇ ਕੋਲ ਰੁਮਾਲ ਨਾ ਕੋਈ,
ਕਿਸੇ ਮੁਹੱਬਤੀ ਰੂਹ ਦਾ ਦਿੱਤਾ,
ਜਿਸਨੂੰ ਅੱਖੀਆਂ ਉੱਤੇ ਧਰਕੇ
ਅੱਥਰੂ ਵਹਿੰਦੇ ਰੁਕ ਜਾਂਦੇ ਨੇ,
ਜਿਸ ਵਿਚ ਨਦੀਆਂ,
ਦਰਿਆ, ਸਾਗਰ ਸੁੱਕ ਜਾਂਦੇ ਨੇ।

ਏਸ ਪਰਾਈ ਧਰਤੀ ਉੱਤੇ,
ਮੇਰੀ ਆਪਣੀ ਪੈੜ ਨਹੀਂ ਹੈ।
ਨਾ ਮੇਰਾ ਪਰਛਾਵਾਂ ਏਥੇ,
ਨਾ ਮੇਰਾ ਪਰਛਾਵਾਂ ਓਥੇ।
ਬਰਫ਼ਾਨੀ ਟੀਸੀ ਤੇ ਚੰਨ ਹੈ।
ਰਾਤ ਚੌਧਵੀਂ
ਦੂਰ ਪਿਆ ਲਿਸ਼ਕੋਰਾਂ ਮਾਰੇ।
ਬਿਟ ਬਿਟ ਝਾਕ ਰਹੇ ਨੇ ਤਾਰੇ।
ਇਹ ਵੀ ਮੇਰੇ ਵਰਗੇ ਸਾਰੇ।
ਨਾ ਜਾਗੇ, ਨਾ ਸੁੱਤੇ
ਲੱਗਣ ਥੱਕੇ ਹਾਰੇ।

ਹਰੇ ਕਚੂਰ ਦਰਖ਼ਤਾਂ ਉੱਤੇ
ਪੱਤ ਹਰਿਆਲੇ।
ਸੂਰਜ ਦੀ ਲਿਸ਼ਕੋਰ 'ਚ ਲਿਸ਼ਕਣ,
ਪਰ ਹੋਠਾਂ 'ਤੇ ਚੁੱਪ ਦੇ ਤਾਲੇ।
ਜੀਭਾ ਕਿਤੇ ਗੁਆਚ ਗਈ ਹੈ।
ਕੰਨਾਂ ਦੇ ਵਿਚ ਸਿੱਕਾ ਢਲਿਆ,
ਕੁੱਲ ਧਰਤੀ ਦਾ ਸਾਂਝਾ ਦੀਵਾ,
ਕਿੱਥੇ ਚੜ੍ਹ ਕੇ ਸੂਰਜ ਬਲਿਆ।

ਬਾਲ ਅਲੂੰਏਂ
ਧਰਤੀ ਦੀ ਹਿੱਕੜੀ 'ਤੇ ਠਰਦੇ।
ਪੈਰੋਂ ਤੇੜੋਂ ਨੰਗ ਮੁਨੰਗੇ ਹਰ ਹਰ ਕਰਦੇ।
ਜੰਮਣ ਸਾਰ ਹੀ
ਜ਼ਿੰਦਗੀ ਕਿਤੇ ਗੁਆਚ ਗਈ ਹੈ,
ਰਹਿਣ ਮੌਤ ਦਾ ਲੇਖਾ ਕਰਦੇ।
ਪਰ ਨਾ ਡਾਢੇ ਰੱਬ ਤੋਂ ਡਰਦੇ।

ਹਾੜ੍ਹ ਸਿਆਲੇ,
ਪੱਤਝੜ ਅਤੇ ਪੁੰਗਾਰੇ ਰੁੱਤੇ।
ਖੜ ਖੜ ਖੜ ਖੜ
ਡੱਬੇ ਰੇਲ ਪਟੜੀਆਂ ਉੱਤੇ।

ਵਕਤ ਦੇ ਹੇਠਾਂ ਅੱਥਰਾ ਘੋੜਾ,
ਇਹ ਨਾ ਮੈਨੂੰ ਦੇਵੇ ਦਾਈ।
ਖੇਡੀ ਜਾਵੇ ਲੁਕਣ-ਮਚਾਈ।
ਮੈਂ ਇਹਦੇ ਸੰਗ ਦੌੜ ਰਿਹਾਂ
ਸਿਰਤੋੜ ਨਿਰੰਤਰ।
ਆਦਮ ਜੂਨ ਗੁਆਚੀ
ਬਣ ਬੈਠਾ ਹਾਂ ਯੰਤਰ।

ਜਿਉਂਦੇ ਜੀਅ ਨਹੀਂ ਹੋ ਸਕਣਾ,
ਮੈਂ ਕਦੇ ਸੁਤੰਤਰ।
ਉੱਚੇ ਭਵਨ, ਪਹਾੜਾਂ, ਮਹਿਲ ਅਟਾਰੀਆਂ ਉੱਤੇ।
ਚੰਨ ਤੇ ਸੂਰਜ ਪੁੱਠੇ ਹੋ ਕੇ
ਵੰਡਦੇ ਚਾਨਣ।

ਧਰਤੀ 'ਤੇ ਵੀ ਵੱਸਦੇ ਲੋਕੀਂ,
ਜੋ ਨਾ ਸ਼ਿਕਵਾ, ਰੋਸ ਸ਼ਿਕਾਇਤ,
ਆਪਣੀ ਜੀਭਾ ਉੱਤੇ ਧਰਦੇ।
ਸ਼ਾਮ, ਸਵੇਰੇ,
ਰਾਤਾਂ ਤੇ ਪ੍ਰਭਾਤਾਂ ਵੇਲੇ,
ਖ਼ੌਰੇ ਕਿੰਨੇ ਤਰਲੇ ਪਾਉਂਦੇ।
ਰਹਿੰਦੇ ਦੇਵੀ ਦੇਵ ਧਿਆਉਂਦੇ।
ਨੇਰ੍ਹੇ ਦੀ ਲੋਈ ਨਾ ਪਾਟੇ,
ਰਾਹਾਂ ਦੇ ਵਿਚ ਜਿੰਦ ਮੁਕਾਉਂਦੇ।

ਮੇਰਾ ਅੰਬਰ ਵੀ ਕਿਉਂ
ਅੱਜ ਤੱਕ ਕਾਲ ਕਲੂਟਾ।
ਪੁੰਗਰਦਾ ਨਾ ਆਸ ਦਾ ਬੂਟਾ।
ਫੁੱਲਾਂ 'ਚੋਂ ਖੁਸ਼ਬੋਈ ਮੋਈ,
ਪ੍ਰਕ੍ਰਿਤੀ ਦੀ ਨਬਜ਼ ਖਲੋਈ।

ਸੂਰਜ ਮੇਰੇ ਨਾਲ ਜਿਵੇਂ ਹੈ
ਰੁੱਸਿਆ ਰੁੱਸਿਆ।
ਚੰਦਰਮਾ 'ਚੋਂ ਚਾਨਣ ਜਾਪੇ
ਖੁੱਸਿਆ ਖੁੱਸਿਆ।
ਬਿਰਖ਼ ਨਿਪੱਤਰੇ ਵਾਂਗੂੰ
ਗੁੰਮ ਗੁੰਮ,
ਦਲਦਲ ਅੰਦਰ
ਇਕੋ ਲੱਤ ਦੇ ਭਾਰ ਖੜ੍ਹਾ ਹਾਂ।

ਕਦੇ ਕਦੇ ਤਾਂ ਇਉਂ ਲੱਗਦਾ ਹੈ,
ਮੈਂ ਉਹ ਪੰਛੀ,
ਜਿਸ ਦੇ ਪੈਰੀਂ ਝਾਂਜਰ ਹੋਏ।
ਖੰਭ ਧਾਗੇ ਵਿਚ ਉਲਝੇ,
ਉਸ ਤੋਂ ਉੱਡ ਨਾ ਹੋਏ।
ਸੁਪਨੇ ਦੇ ਵਿਚ ਹੇਕ ਅਧੂਰੀ
ਸੰਘ ਵਿਚ ਅਟਕੇ।
ਜਾਂ ਖੂਹੀ ਵਿਚ ਡਿੱਗਦੇ ਡਿੱਗਦੇ,
ਮੌਣ ਕਿਨਾਰੇ ਹੱਥ ਪੈ ਜਾਵੇ।
ਕੱਲ੍ਹ-ਮੁ-ਕੱਲ੍ਹਾ ਰੋਵਾਂ
ਤੇ ਕੋਈ ਨੇੜ ਨਾ ਆਵੇ।
ਨਾ ਉੱਪਰ ਨਾ ਹੇਠਾਂ,
ਦੱਸੋ ਕਿੱਧਰ ਜਾਵੇ।
ਸ਼ਾਮਾਂ ਵੇਲੇ ਕਈ ਵਾਰੀ
ਇਉਂ ਸਾਹ ਰੁਕਦਾ ਹੈ।

ਹੇ ਮੇਰੇ ਜੀਵਨ ਦੀ
ਜਗਮਗ ਜਗਦੀਏ ਬੱਤੀਏ।
ਆ ਜਾ ਰਲ ਕੇ ਸੁਪਨੇ ਕੱਤੀਏ।
ਸੁਪਨੇ ਵਿਚ ਪਰੁੱਚੀਏ ਨੀ
ਸਾਹਾਂ ਦੀਏ ਲੜੀਏ।
ਆ ਜਾ ਏਸ ਇਬਾਰਤ ਨੂੰ
ਅੱਜ ਰਲ ਕੇ ਪੜ੍ਹੀਏ।

ਸੂਰਜ ਸਾਡੇ ਸਾਹੀਂ ਕਿਉਂ ਨਹੀਂ
ਨਿੱਘ ਵਰਤਾਉਂਦਾ।
ਚੰਦਰਮਾ ਵੀ ਕਿਉਂ ਨਹੀਂ
ਸਾਡੇ ਮਨ ਰੁਸ਼ਨਾਉਂਦਾ।

ਆ ਜਾ ਮਨ ਦੇ ਮੈਲੇ ਸ਼ੀਸ਼ੇ
ਮੁੜ ਲਿਸ਼ਕਾਈਏ।
ਸ਼ਾਮਾਂ ਵੇਲੇ ਇੱਕ ਦੂਜੇ ਦਾ
ਚਾਨਣ ਬਣੀਏ।
ਆਪਣੇ ਅਤੇ ਬੇਗਾਨੇ
ਰਾਹ 'ਚੋਂ ਨੇਰ੍ਹ ਮਿਟਾਈਏ।
ਸਾਹਾਂ ਵਿਚ ਕਸਤੂਰੀ
ਮੱਥੇ ਕੇਸਰ ਟਿੱਕਾ,
ਇਸ ਧਰਤੀ ਨੂੰ ਜਿਉਣ ਜੋਗੜੀ
ਆਪ ਬਣਾਈਏ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ